**Class- III Unit –I Session 2020-2021**

**Topic: ਪਾਠ – 1 – ਆਓ ਸਿੱਖੀਏ**
**ਪਾਠ – 2– ਸਾਈਕਲ ਦੇ ਝੂਟੇ**

| | |
|---|---|
| **Objectives** | ਆਪਣੇ ਆਲੇ ਦੁਆਰਲੇ ਦੇ ਵਾਤਾਵਰਣ ਤੋਂ ਹਮੇਸ਼ਾ ਕੁਝ ਨਾ ਕੁਝ ਸਿੱਖਦੇ ਰਹਿਣ।<br>ਪਾਠ – 2 ਇੱਕ ਦੂਜੇ ਦੀ ਮਦਦ ਕਰਨਾ ਅਤੇ ਰਲ ਮਿਲਕੇ ਕੰਮ ਕਰਨਾ। |
| **Previous Knowledge Testing** | ਅਧਿਆਪਕ ਦੁਆਰਾ ਪਾਠ ਸ਼ੁਰੂ ਕਰਨ ਤੋਂ ਪਹਿਲਾ ਕੁਝ ਪ੍ਰਸ਼ਨ ਪੁੱਛੇ ਜਾਣਗੇ।<br>1. ਤੁਸੀਂ ਹਰ ਰੋਜ਼ ਆਪਣੇ ਆਲੇ–ਦੁਆਲੇ ਕੀ ਦੇਖਦੇ ਹੋ।<br>2. ਕੀ ਤੁਸੀਂ ਹਮੇਸ਼ਾ ਸੱਚ ਬੋਲਦੇ ਹੋ?<br>3. ਤੁਹਾਡੇ ਕਿੰਨੇ ਮਿੱਤਰ ਹਨ?<br>4. ਕੀ ਤੁਸੀਂ ਉਹਨਾਂ ਨਾਲ ਰਲ ਮਿਲ ਕੇ ਖੇਡਦੇ ਹੋ? |
| **Vocabulary Used** | ਅਧਿਆਪਕ ਦੁਆਰਾ ਬੱਚਿਆਂ ਤੋਂ ਉਹਨਾਂ ਦੁਆਰਾ ਖੇਡੀਆਂ ਜਾਣ ਵਾਲੀਆ ਖੇਡਾਂ ਬਾਰੇ ਪੁੱਛਿਆ ਜਾਵੇਗਾ। |
| **Important Spellings** | ਮਹਿਕਾਂ, ਆਦਰ, ਸੂਰਜ, ਵੇਲ, ਸ਼ੀਤਲ, ਸਾਈਕਲ, ਸੜਕ, ਹੈਂਡਲ, ਬਲਵਾਨ, ਨਿੱਤਰਿਆਂ। |
| **Aids/ Innovative methods used to explain the topic** | ਅਧਿਆਪਕ ਦੁਆਰਾ ਇਸ topic ਨੂੰ ਕਰਾਉਣ ਲਈ ਵਿਦਿਆਰਥੀਆਂ ਨੂੰ Act ਕਰਾਇਆ ਜਾਵੇਗਾ। ਇਸ ਵਿੱਚ ਵਿਦਿਆਰਥੀਆਂ ਨੂੰ ਕਹਾਣੀ ਵਿਚਲੇ Character ਦਿੱਤੇ ਜਾਣਗੇ। ਇਸ Act ਨੂੰ ਬੱਚੇ ਬਹੁਤ ਦਿਲਚਸਪੀ ਨਾਲ ਕਰਨਗੇ। |

| | |
|---|---|
| **Procedure** | ਅਧਿਆਪਕ ਦੁਆਰਾ ਪਾਠ ਪੜ੍ਹਾਏ ਜਾਣਗੇ ਅਤੇ ਫਿਰ ਵਿਦਿਆਰਥੀਆਂ ਨੂੰ Reading ਕਰਨ ਲਈ ਕਿਹਾ ਜਾਵੇਗਾ। ਇਸਦੇ ਨਾਲ ਅਧਿਆਪਕ Difficult words, Word-meanings, Make sentences, Back exercise ਕਰਵਾਏਗਾ ਅਤੇ ਪ੍ਰਸ਼ਨ/ਉੱਤਰ ਵੀ ਕਰਵਾਏ ਜਾਣਗੇ।<br>**ਸ਼ਬਦ-ਅਰਥ**<br>1. ਆਦਰ - ਸਤਿਕਾਰ<br>2. ਵੇਲਾ - ਵਕਤ<br>3. ਬਲਵਾਨ - ਤਾਕਤਵਰ<br>4. ਨਿੱਤਰਿਆ - ਸਾਹਮਣੇ ਆਇਆ<br>**ਵਾਕ- ਬਣਾਉ**<br>1. ਫੁੱਲ - ਸਾਡੇ ਘਰ ਬਹੁਤ ਸਾਰੇ ਫੁੱਲ ਲੱਗੇ ਹੋਏ ਹਨ।<br>2. ਸਾਈਕਲ - ਮੇਰੇ ਕੋਲ ਲਾਲ ਰੰਗ ਦੀ ਸਾਈਕਲ ਹੈ। |
| **Participation of students** | ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਪਾਠ ਪੜ੍ਹਾਉਣ ਤੋਂ ਬਾਅਦ ਪ੍ਰਸ਼ਨ-ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਦੁਆਰਾਂ ਉਹਨਾਂ ਦੇ ਉੱਤਰ ਦਿੱਤੇ ਜਾਣਗੇ। |
| **Recapitulation** | ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।<br>1. ਸੂਰਜ ਤੋਂ ਅਸੀ ਕੀ ਸਿੱਖਦੇ ਹਾਂ।<br>2. ਤਿਤਲੀ ਦੀ ਕਿਹੜੀ ਗੱਲ ਚੰਗੀ ਲੱਗਦੀ ਹੈ?<br>3. ਸਾਈਕਲ ਕਿਵੇਂ ਉਲਟ ਗਿਆ?<br>4. ਸਾਈਕਲ ਸਿੱਧਾ ਕਿਸ ਨੇ ਕੀਤਾ? |

| | |
|---|---|
| **Assignment** | ਅਧਿਆਪਕ ਬੱਚਿਆਂ ਨੂੰ ਆਪਣੇ ਆਲੇ ਦੁਆਲੇ ਮਿਲਣ ਵਾਲੀਆਂ ਚੀਜਾਂ ਦੀ ਜਾਣਕਾਰੀ ਹਾਸਲ ਕਰਨ ਲਈ ਕਹੇਗਾ। ਸਾਨੂੰ ਉਹਨਾਂ ਦੇ ਕੀ-ਕੀ ਲਾਭ ਹਨ। ਉਹਨਾਂ ਬਾਰੇ ਲਿਖਣ ਲਈ ਕਹੇਗਾ। |
| **Learning outcomes** | ਬੱਚੇ ਇਹਨਾਂ ਪਾਠਾਂ ਤੋਂ ਇੱਕ ਦੂਜੇ ਦੀ ਮਦਦ ਕਰਨੀ, ਵੱਡਿਆਂ ਦਾ ਆਦਰ ਕਰਨਾ ਅਤੇ ਇਕੱਠੇ ਮਿਲਕੇ ਖੇਡਣਾ ਆਦਿ ਸਿੱਖ ਜਾਣਗੇ। |
| **Assessment** | ਬੱਚੇ ਰਲ ਮਿਲ ਕੇ ਕੰਮ ਕਰਨ ਦਾ ਕੀ ਫਾਇਦਾ ਹੁੰਦਾ ਹੈ ਸਿੱਖ ਜਾਣਗੇ। |

## Topic: ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ।

| | |
|---|---|
| **Objectives** | ਵਿਦਿਆਰਥੀਆਂ ਨੂੰ ਵਿਆਕਰਨ ਸੰਬੰਧੀ ਜਾਣਕਾਰੀ ਦੇਣਾਂ। |
| **Previous Knowledge Testing** | ਅਧਿਆਪਕਦ ਦੁਆਰਾ ਵਿਦਿਆਰਥੀਆਂ ਨੂੰ ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦ ਕਰਾਉਣ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇ ਜਾਣਗੇ। ਉਹਨਾਂ ਦੇ ਉੱਤਰ ਮਿਲਣ ਤੇ ਉਹ Board ਤੇ ਲਿਖੇਗਾ। |
| **Vocabulary Used** | ਅਧਿਆਪਕ ਦੁਆਰਾ ਲਿੰਗ ਬਦਲੋ, ਵਚਨ ਬਦਲੋ ਅਤੇ ਵਿਰੋਧੀ ਸ਼ਬਦ ਦੇ Flash cards ਦਿਖਾਏ ਜਾਣਗੇ। |
| **Important Spellings** | **ਵਚਨ ਬਦਲੋ:-** ਕੁੜੀ-ਕੁੜੀਆਂ, ਮੁੰਡਾ- ਮੁੰਡੇ, ਗਮਲਾ- ਗਮਲੇ, ਕੰਧ- ਕੰਧਾਂ, ਪੁਸਤਕ- ਪੁਸਤਕਾਂ।<br><br>**ਲਿੰਗ ਬਦਲੋ:-** ਮਾਤ-ਪਿਤਾ, ਮਾਮਾ-ਮਾਮੀ, ਹਿਰਨ-ਹਿਰਨੀ, ਸ਼ੇਰ-ਸ਼ੇਰਨੀ, ਦਾਦਾ-ਦਾਦੀ।<br><br>**ਵਿਰੋਧੀ ਸ਼ਬਦ:** ਉੱਚਾ-ਨੀਵਾਂ, ਅੰਦਰ-ਬਾਹਰ, ਦੂਰ-ਨੇੜੇ, ਮਹਿੰਗਾ-ਸਸਤਾ। |
| **Aids/ Innovative methods used to explain the topic** | ਅਧਿਆਪਕ ਦੁਆਰਾ ਵਚਨ ਬਦਲੋ ਕਰਵਾਉਣ ਵੇਲੇ ਕਲਾਸ ਦੇ ਵਿਦਿਆਰਥੀਆਂ ਦੀਆ ਕਿਤਾਬਾਂ ਦੀ ਉਦਾਹਰਨ ਦੇ ਕੇ ਸਮਝਾਇਆ ਜਾਵੇਗਾ। ਇੱਕ ਕਿਤਾਬ ਇੱਕ ਵਚਨ ਅਤੇ ਚਾਰ ਕਿਤਾਬਾ ਬਹੁ-ਵਚਨ ਦੀ ਉਦਾਹਰਨ ਦਿੱਤੀ ਜਾਵੇਗੀ।<br><br>ਇਸੇ ਤਰ੍ਹਾਂ ਲਿੰਗ ਬਦਲੋ ਇੱਕ ਮੁੰਡਾ-ਕੁੜੀ ਦੀ ਉਦਾਹਰਨ ਜਮਾਤ ਵਿੱਚੋ ਹੀ ਦਿੱਤੀ ਜਾਵੇਗੀ।<br><br>ਇਸ ਤਰ੍ਹਾਂ ਵਿਰੋਧੀ ਸ਼ਬਦ ਵਿੱਚ ਅਧਿਆਪਕ ਦੁਆਰਾ ਉੱਚਾ-ਨੀਵਾਂ ਦੀ ਉਦਾਹਰਨ ਦਿੱਤੀ ਜਾਵੇਗੀ। ਇਸਦੇ ਨਾਲ ਹੀ ਅਧਿਆਪਕ ਦੁਆਰਾ Smart Board ਤੇ Pictures ਦਿਖਾ ਕੇ ਉਹਨਾਂ ਨੂੰ ਸਮਝਾਇਆ ਜਾਵੇਗਾ। |

| | |
|---|---|
| | Video link<br><br>https://www.youtube.com/watch?v=JCQRbyGM2FEand<br>feature= youtu.be<br><br>**ਵਚਨ ਬਦਲੋ:**<br><br>1. ਡੱਬਾ – ਡੱਬੇ<br><br>2. ਕੁਰਸੀ – ਕੁਰਸੀਆ<br><br>3. ਘੋੜਾ – ਘੋੜੇ<br><br>4. ਬੱਚਾ – ਬੱਚੇ<br><br>**ਲਿੰਗ ਬਦਲੋ:**<br><br>1. ਭੈਣ – ਭਰਾ<br><br>2. ਚਾਚਾ – ਚਾਚੀ<br><br>3. ਬਿੱਲਾ – ਬਿੱਲੀ<br><br>4. ਸ਼ੇਰ – ਸ਼ੇਰਨੀ<br><br>**video Link**<br><br>https//www.youtube.com/watch?V=U6oJKZCThs and feature= youtu.be |
| **Procedure** | ਅਧਿਆਪਕ ਦੁਆਰਾ ਵਿਰੋਧੀ ਸ਼ਬਦ ਕਰਾਉਣ ਵੇਲੇ ਪਹਿਲਾਂ ਜਮਾਤ ਵਿੱਚ ਇਸ ਦੀਆਂ ਉਦਾਹਰਨਾਂ ਦਿੱਤੀਆਂ ਜਾਣਗੀਆਂ। ਇਸ ਵਿੱਚ ਅਧਿਆਪਕ ਦੁਆਰਾ ਹਿੱਕ ਮੋਟੀ ਪੁਸਤਕ ਅਤੇ ਇੱਕ ਪਤਲੀ ਪੁਸਤਕ ਦਿਖਾਈ ਜਾਵੇਗੀ।<br><br>**ਵਿਰੋਧੀ ਸ਼ਬਦ**<br><br>1. ਦਿਨ – ਰਾਤ<br>2. ਧੁੱਪ – ਛਾਂ<br>3. ਗਰਮ – ਠੰਢਾ<br>4. ਦੂਰ – ਨੇੜੇ<br><br>Video Link https://www.youtube.com/watch?v=ygz4eH2jhMg and Feature = youtu.be |

| | |
|---|---|
| **Participation of students** | ਅਧਿਆਪਕ ਦੁਆਰਾ ਕਰਾਏ ਗਏ ਲਿੰਗ ਬਦਲੋ, ਵਚਨ ਬਦਲੋ, ਵਿਰੋਧੀ ਸ਼ਬਦਾਂ ਵਿੱਚੋਂ ਪ੍ਰਸ਼ਨ ਪੁੱਛੇ ਜਾਣਗੇ। |
| **Recapitulation** | ਦੁਹਰਾਈ ਕਰਨ ਲਈ ਅਧਿਆਪਕ ਵਿਦਿਆਰਥੀਆਂ ਨੂੰ ਕੁਝ ਸ਼ਬਦ ਬੋਰਡ ਤੇ ਲਿਖਕੇ ਉਹਨਾਂ ਦੇ ਉੱਤਰ ਆਪਣੇ ਆਪ ਲਿਖਣ ਲਈ ਕਹੇਗਾ।<br>ਲਿੰਗ ਬਦਲੋ     ਵਚਨ ਬਦਲੋ     ਵਿਰੋਧੀ ਸ਼ਬਦ<br>ਮੁੰਡਾ –     ਪੱਖਾ –     ਅਮੀਰ<br>ਚਿੜਾ –     ਤੋਤਾ –     ਮੋਟਾ– |
| **Assignment** | ਅਧਿਆਪਕ ਦੁਆਰਾ ਸਾਰੇ ਵਿਸ਼ਿਆਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਆਉਣ ਲਈ ਕਿਹਾ ਜਾਵੇਗਾ। |
| **Learning outcomes** | ਇਸ ਨਾਲ ਵਿਦਿਆਰਥੀਆਂ ਨੂੰ ਲਿੰਗ ਬਦਲੋ, ਵਚਨ ਬਦਲੋ, ਅਤੇ ਵਿਰੋਧੀ ਸ਼ਬਦਾਂ ਦੇ ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਹੋ ਜਾਵੇਗੀ। |
| **Assessment** | ਬੱਚਿਆਂ ਦਾ ਲਿੰਗ ਬਦਲੋ ਵਿਰੋਧੀ ਸ਼ਬਦ, ਵਚਨ ਬਦਲੋ, ਵਿੱਚੋਂ MCQ ਲਿਆ ਜਾਵੇਗਾ। |

**Topic: ਪਾਠ – 3 – ਮਿਹਨਤ ਦਾ ਫਲ**
**ਪਾਠ –4 ਘੜੀ ਦੀ ਚਾਲ**

| | |
|---|---|
| **Objectives** | ਬੱਚਿਆਂ ਨੂੰ ਮਿਹਨਤ ਕਰਨ ਨਾਲ ਮਿਲਣ ਵਾਲੇ ਫਲ ਬਾਰੇ ਦੱਸਿਆ ਜਾਵੇਗਾ ਪਾਠ - 4 ਬੱਚਿਆਂ ਨੂੰ ਸਮੇਂ ਦੀ ਕਦਰ ਕਰਨ ਬਾਰੇ ਵੀ ਦੱਸਿਆ ਜਾਵੇਗਾ। |
| **Previous Knowledge Testing** | ਅਧਿਆਪਕ ਦੁਆਰਾ ਪਾਠ ਸੰਬੰਧੀ ਕੁਝ ਪ੍ਰਸ਼ਨ ਪੁੱਛੇ ਜਾਣਗੇ।<br>1. ਜੇ ਤੁਸੀਂ ਕਿਸੇ ਕੰਮ ਨੂੰ ਪੂਰੀ ਲਗਨ ਅਤੇ ਮਿਹਨਤ ਕਰਦੇ ਹੋ ਤਾਂ ਤੁਹਾਨੂੰ ਉਸ ਦਾ ਫਲ ਮਿਲਦਾ ਹੈ?<br>2. ਕੀ ਤੁਸੀਂ ਹਰ ਕੰਮ ਸਮੇਂ ਤੇ ਕਰਦੇ ਹੋ? |
| **Vocabulary Used** | ਅਧਿਆਪਕ ਵਿਦਿਆਰਥੀਆਂ ਨੂੰ ਪਾਠ ਬਾਰੇ ਵਿਸਥਾਰਪੂਰਵਕ ਸਮਝਾਏਗਾ। ਬੱਚਿਆਂ ਨੂੰ ਹੋਰ ਕਹਾਣੀਆਂ ਸੁਣਾਉਣ ਲਈ ਕਹੇਗਾ। |
| **Important Spellings** | ਮਿਹਨਤ, ਕੁਕੜੀ, ਮਿੱਟੀ, ਦਾਣਾ, ਦੋਸਤ, ਸਿੱਟਾ, ਅਵਾਜ਼, ਪੌਦਾ |
| **Aids/ Innovative methods used to explain the topic** | ਅਧਿਆਪਕ ਵਿਦਿਆਰਥੀਆਂ ਨੂੰ ਪਾਠ ਸਮਝਾਉਣ ਲਈ ਕਈ ਉਦਾਹਰਨਾਂ ਦੇਵੇਗਾ। ਕਿ ਤੁਸੀਂ ਕਿਸੇ ਸਮੇ ਖੇਡਦੇ ਹੋ, ਕਦੋਂ ਪੜ੍ਹਦੇ ਹੋ, ਰਾਤ ਨੂੰ ਕਿੰਨੇ ਵਜੇ ਸੌਂਦੇ ਹੋ, ਸਵੇਰੇ ਕਿੰਨੇ ਵਜੇ ਉੱਠਦੇ ਹੋ ਆਦਿ। ਤੁਸੀਂ ਕਿਸ ਕੰਮ ਨੂੰ ਜ਼ਿਆਦਾ ਮਿਹਨਤ ਨਾਲ ਕਰਦੇ ਹੋ? |
| **Procedure** | ਅਧਿਆਪਕ ਦੁਆਰਾ ਪਾਠ ਪੜ੍ਹਾਏ ਜਾਣ ਤੋਂ ਬਾਅਦ ਪਾਠ ਵਿੱਚ Difficult words, Word Meaning, Make sentences, Back exercise ਕਰਵਾਈ ਜਾਵੇਗੀ। ਪ੍ਰਸ਼ਨ ਉੱਤਰ ਵੀ ਕਰਵਾਏ ਜਾਣਗੇ। ਜਿਵੇਂ |

| | |
|---|---|
| | ਸ਼ਬਦ ਅਰਥ<br><br>1. ਪੋਲੀ- ਨਰਮ 3. ਵਕਤ - ਸਮਾਂ<br>2. ਰਾਖੀ ਕਰਨਾ- ਬਚਾਉਣਾ 4. ਚਾਲ - ਤੋਰ<br>ਵਾਕ ਬਣਾਉ<br>ਘੜੀ - ਮੇਰੇ ਕੋਲ ਲਾਲ ਰੰਗ ਦੀ ਘੜੀ ਹੈ।<br>ਮਿਹਨਤ - ਮਿਹਨਤ ਦਾ ਫਲ ਮਿੱਠਾ ਹੁੰਦਾ ਹੈ। |
| **Participation of students** | ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਪੜ੍ਹਾਉਣ ਤੋਂ ਬਾਅਦ ਪ੍ਰਸ਼ਨ- ਪੁੱਛੇ ਜਾਣਗੇ ਅਤੇ ਵਿਦਿਆਰਥੀਆਂ ਦੁਆਰਾ ਉਹਨਾਂ ਦੇ ਉੱਤਰ ਦਿੱਤੇ ਜਾਣਗੇ। |
| **Recapitulation** | ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।<br>1. ਕੁਕੜੀ ਨੇ ਦਾਣੇ ਦਾ ਕੀ ਕੀਤਾ?<br>2. ਰੋਟੀ ਕਿਸ-ਕਿਸ ਨੇ ਖਾਧੀ?<br>3. ਘੜੀ ਸਾਨੂੰ ਕੀ ਦੱਸਦੀ ਹੈ?<br>4. ਇੱਕ ਮਿੰਟ ਵਿੱਚ ਕਿੰਨੇ ਸਕਿੰਟ ਹੁੰਦੇ ਹਨ? |
| **Assignment** | ਅਧਿਆਪਕ ਵਿਦਿਆਰਥੀਆਂ ਨੂੰ ਮਿਹਨਤ ਦਾ ਫ਼ਲ ਸੰਬੰਧੀ ਕੁਝ ਹੋਰ ਕਹਾਣੀਆਂ ਪੜ੍ਹ ਕੇ ਆਉਣ ਲਈ ਕਹੇਗਾ। |
| **Learning outcomes** | ਵਿਦਿਆਰਥੀਆਂ ਨੂੰ ਦੋਵੇ ਪਾਠ ਪੜ੍ਹ ਕੇ ਹਰ ਕੰਮ ਸਮੇਂ ਤੇ ਕਰਨ ਅਤੇ ਹਰ ਕੰਮ ਨੂੰ ਮਿਹਨਤ ਅਤੇ ਲਗਨ ਨਾਲ ਕਰਨ ਦੀ ਆਦਤ ਪਵੇਗੀ। |
| **Assessment** | ਵਿਦਿਆਰਥੀਆਂ ਮਿਹਨਤ ਦਾ ਫਲ ਦੀਆਂ ਵੱਖ-ਵੱਖ ਕਹਾਣੀਆਂ ਸੁਣਾਉਣਗੇ। |

## Topic: ਹਫ਼ਤੇ ਦੇ ਦਿਨਾਂ ਦੇ ਨਾਂ ਫੁੱਲਾਂ ਦੇ ਨਾ ਮਠਿਆਈਆਂ ਦੇ ਨਾਂ

| | |
|---|---|
| **Objectives** | ਬੱਚਿਆਂ ਨੂੰ ਹਫਤੇ ਦੇ ਦਿਨਾਂ ਦੇ ਨਾਂ, ਫੁੱਲਾਂ ਬਾਰੇ ਅਤੇ ਮਠਿਆਈਆਂ ਦੇ ਨਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। |
| **Previous Knowledge Testing** | ਅਧਿਆਪਕ ਦੁਆਰਾ ਵਿਸ਼ੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇ ਜਾਣਗੇ।<br>1. ਹਫ਼ਤੇ ਵਿੱਚ ਕਿੰਨੇ ਦਿਨ ਹੁੰਦੇ ਹਨ?<br>2. ਤੁਹਾਡੇ ਘਰ ਕਿਹੜੇ-ਕਿਹੜੇ ਫੁੱਲਾਂ ਦੇ ਪੌਦੇ ਹਨ।<br>3. ਤੁਹਾਨੂੰ ਕਿਹੜੀ-ਕਿਹੜੀ ਮਠਿਆਈ ਪਸੰਦ ਹੈ। |
| **Vocabulary Used** | ਹਫਤੇ ਦੇ ਦਿਨਾ ਦੇ ਨਾਂ, ਮਠਿਆਈਆਂ ਦੇ ਨਾਂ ਤੇ ਫੁੱਲਾਂ ਦੇ ਨਾ ਕਰਾਉਣ ਸਮੇਂ ਅਧਿਆਪਕ ਦੁਆਰਾ Flash card ਦਿਖਾਏ ਜਾਣਗੇ ਅਤੇ ਅਧਿਆਪਕ ਦੁਆਰਾ ਕੁਝ ਸ਼ਬਦ Board ਤੇ ਲਿਖੇ ਜਾਣਗੇ। |
| **Important Spellings** | ਹਫ਼ਤੇ, ਦਿਨਾਂ, ਸੋਮਵਾਰ, ਗੁਲਾਬ, ਗੇਂਦਾਂ, ਚਮੇਲੀ, ਲੱਡੂ, ਬਰਫ਼ੀ, ਗੁਲਾਬ ਜਾਮਣ। |
| **Aids/ Innovative methods used to explain the topic** | ਅਧਿਆਪਕ ਦੁਆਰਾ ਹਫ਼ਤੇ ਦੇ ਦਿਨਾਂ ਦੇ ਨਾਂ ਕਰਾਉਣ ਸਮੇਂ ਵਿਦਿਆਰਥੀਆਂ ਨੂੰ ਇੱਕ Train ਦੇ ਰੂਪ ਵਿੱਚ ਬਣ ਕੇ ਉਹਨਾਂ ਨੂੰ ਸੱਤ ਦਿਨਾਂ ਦੇ ਸੱਤ ਡੱਬਿਆਂ ਦੇ ਰੂਪ ਵਿੱਚ ਖੜ੍ਹਾ ਕਰ ਦਿੱਤਾ ਜਾਵੇਗਾ। ਉਹਨਾਂ ਤੋਂ ਇੱਕ-ਇੱਕ ਬੱਚੇ ਤੋਂ ਦਿਨਾਂ ਦੇ ਨਾਂ ਪੁੱਛੇ ਜਾਣਗੇ। ਅਧਿਆਪਕ ਦੁਆਰਾ ਮਠਿਆਈਆਂ ਦੇ ਨਾਂ ਕਰਵਾਉਣ ਸਮੇਂ ਉਹਨਾਂ ਦੀਆਂ ਮਨਪਸੰਦ ਮਠਿਆਈਆਂ ਦੇ ਨਾਮ ਪੁੱਛ ਕੇ board ਤੇ ਲਿਖੇਗਾ। ਇਸੇ ਤਰ੍ਹਾਂ ਬੱਚਿਆਂ ਨੂੰ ਫੁੱਲਾਂ ਦੇ ਨਾਂ ਕਰਾਉਣ ਸਮੇਂ ਅਧਿਆਪਕ ਬੱਚਿਆ ਨੂੰ ਸਕੂਲ ਦੇ ਬਗੀਚੇ ਵਿੱਚ ਲਿਜਾ ਕੇ ਬੱਚਿਆਂ ਨੂੰ ਫੁੱਲਾਂ ਦੇ ਨਾਂ ਬਾਰੇ ਜਾਣਕਾਰੀ ਦੇਵੇਗਾ। |

| | |
|---|---|
| **Links used** | https://www.youtube.com/watch?v=kffwq7yksnqand feature = youtube. be |
| **Procedure** | ਅਧਿਆਪਕ ਦੁਆਰਾ ਮਠਿਆਈਆਂ ਦੇ ਨਾਂ, ਅਤੇ ਫੁੱਲਾਂ ਦੇ ਨਾਂ ਕਰਾਉਣ ਵੇਲੇ ਵਿਦਿਆਰਥੀਆਂ ਨੂੰ ਇਨ੍ਹਾਂ ਬਾਰੇ ਪੁੱਛੇ ਕੇ Board ਉੱਪਰ ਲਿਖੇਗਾ ਅਤੇ ਵਿਦਿਆਰਥੀਆਂ ਨੂੰ Note Book ਉੱਪਰ ਲਿਖਣ ਲਈ ਕਹੇਗਾ।<br><br>ਮਠਿਆਈਆ ਦੇ ਨਾਂ — ਫੁੱਲਾਂ ਦੇ ਨਾਂ<br>1. ਬਰਫ਼ੀ — ਗੁਲਾਬ<br>2. ਲੱਡੂ — ਗੇਂਦਾ<br>3. ਚਮਚਮ — ਡੇਲੀਆ<br>4. ਜਲੇਬੀ — ਕਮਲ |
| **Participation of students** | ਵਿਦਿਆਰਥੀਆ ਦੁਆਰਾ ਅਧਿਆਪਕ ਨੂੰ ਕਈ ਮਠਿਆਈਆਂ ਅਤੇ ਫੁਲਾਂ ਦੇ ਨਾਂ ਦੱਸੇ ਜਾਣਗੇ। ਅਧਿਆਪਕ ਉਹਨਾਂ ਨੂੰ Board ਤੇ ਲਿਖੇਗਾ। |
| **Recapitulation** | ਅਧਿਆਪਕ ਵਿਦਿਆਰਥੀਆ ਨੂੰ ਇੱਕ ਚਾਰਟ ਤੇ ਹਫ਼ਤੇ ਦੇ ਦਿਨਾਂ ਦੇ ਨਾਂ ਲਿਖ ਕੇ ਲਿਆਉਣ ਲਈ ਕਹੇਗਾ। |
| **Assignment** | ਵਿਦਿਆਰਥੀਆਂ ਨੂੰ ਅਧਿਆਪਕ ਆਪਣੀਆਂ ਕਾਪੀਆਂ ਤੇ ਕੁਝ ਫੁੱਲਾਂ ਦੀਆਂ ਤਸਵੀਰਾਂ ਚਿਪਕਾ ਕੇ ਲਿਆਉਣ ਲਈ ਕਹੇਗਾ। |
| **Learning outcomes** | ਬੱਚਿਆਂ ਨੂੰ ਪੰਜਾਬੀ ਵਿੱਚ ਹਫ਼ਤੇ ਦੇ ਦਿਾਨਾਂ ਦੇ ਨਾਂ ਵੀ ਚੰਗੀ ਤਰਾਂ ਸਮਝ ਆ ਜਾਣਗੇ। ਉਹਨਾਂ ਨੂੰ ਬੋਲਣ ਦਾ ਵੀ ਪਤਾ ਲੱਗ ਜਾਵੇਗਾ। |
| **Assessment** | ਹਫਤੇ ਦੇ ਦਿਨਾਂ ਦੇ ਨਾਂ ਦਾ Q/Ans ਦੇ ਰੂਪ ਵਿੱਚ vocabulary test ਲਿਆ ਜਾਵੇਗਾ। |

## Topic: ਪਾਠ–5– ਐਥੇ ਕੋਈ ਵਿਹਲਾ ਨਹੀਂ , ਪਾਠ–6 ਫੁੱਲ ਨਾ ਤੋੜੋ

| | |
|---|---|
| **Objectives** | ਬੱਚਿਆਂ ਨੂੰ ਉਹਨਾਂ ਦੁਆਰਾ ਕੀਤੇ ਜਾਂਦੇ ਕੰਮ ਬਾਰੇ ਪੁੱਛਿਆ ਜਾਵੇਗਾ।<br>ਬੱਚਿਆਂ ਤੋਂ ਪੁੱਛਿਆ ਜਾਵੇਗਾ ਕਿ ਉਹਨਾਂ ਨੂੰ ਫੁੱਲ ਪਸੰਦ ਹਨ? |
| **Previous Knowledge Testing** | ਅਧਿਆਪਕ ਦੁਆਰਾ ਪਾਠ ਸ਼ੁਰੂ ਕਰਵਾਉਣ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇ ਜਾਣਗੇ।<br>1. ਕੀ ਤੁਹਾਨੂੰ ਵਿਹਲੇ ਰਹਿਣਾ ਚੰਗਾ ਲੱਗਦਾ ਹੈ?<br>2. ਕੀ ਫੁੱਲ ਤੋੜਨਾ ਚੰਗੀ ਗੱਲ ਹੈ? |
| **Vocabulary Used** | ਅਧਿਆਪਕ ਵਿਦਿਆਰਥੀਆਂ ਨੂੰ ਉਹਨਾਂ ਦੁਆਰਾ ਕੀਤੇ ਜਾਂਦੇ ਛੋਟੇ ਮੋਟੇ ਕੰਮਾਂ ਬਾਰੇ ਪੁੱਛੇਗਾ। ਅਤੇ ਉਹਨਾਂ ਨੂੰ ਪੁੱਛੇਗਾ ਕਿ ਉਹਨਾਂ ਦੇ ਘਰ ਕਿਹੜੇ-ਕਿਹੜੇ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ। |
| **Important Spellings** | ਵਿਹਲਾ, ਤਿਤਲੀਆਂ, ਸ਼ਹਿਦ, ਮੱਖੀਆਂ, ਕੋਇਲ, ਫੁੱਲ, ਗੁਲਾਬ, ਬਗੀਚੇ, ਪੌਦੇ, ਉਦਾਸ, ਗਮਲਿਆਂ, ਬੀਜ |
| **Aids/ Innovative methods used to explain the topic** | ਅਧਿਆਪਕ ਵਿਦਿਆਰਥੀਆ ਨੂੰ ਸਾਡੇ ਆਲੇ ਦੁਆਲੇ ਸਾਨੂੰ ਮਿਲਣ ਵਾਲੇ ਸਭ ਛੋਟੇ ਤੋਂ ਛੋਟੇ ਜੀਵ ਜੰਤੂ ਪੰਛੀ, ਜਾਨਵਰ, ਮਨੁੱਖ ਸਭ ਦੇ ਕੰਮਾ ਬਾਰੇ ਸਮਝਾਏਗਾ ਕਿ ਕਿਵੇਂ ਹਰ ਕੋਈ ਨਾ ਕੋਈ ਕੰਮ ਜ਼ਰੂਰ ਕਰਦਾ ਹੈ। ਇੱਥੇ ਕੋਈ ਵੀ ਵਿਹਲਾ ਨਹੀਂ ਰਹਿੰਦਾ ਅਤੇ ਦੂਸਰੇ ਪਾਠ ਵਿੱਚ ਫੁੱਲ ਬੂਟਿਆਂ ਨੂੰ ਨਾ ਤੋੜਨ ਲਈ ਸਮਝਾਏਗਾ। |

| | |
|---|---|
| **Procedure** | ਅਧਿਆਪਕ ਦੁਆਰਾ ਪਾਠ ਪੜ੍ਹਾਏ ਜਾਣ ਤੋਂ ਬਾਅਦ ਪਾਠ ਵਿੱਚੋਂ ਸ਼ਬਦ-ਅਰਥ ਵਾਕ ਬਣਾਉ, Back exercise ਦੇ ਨਾਲ ਨਾਲ ਪ੍ਰਸ਼ਨ ਉੱਤਰ ਵੀ ਕਰਵਾਏ ਜਾਣਗੇ।<br>**ਪ੍ਰਸ਼ਨ ਉੱਤਰ**<br>1. ਸ਼ਹਿਦ ਦੀ ਮੱਖੀ ਕੀ ਕੰਮ ਕਰਦੀ ਹੈ?<br>2. ਰੁੱਖ ਨੇ ਤੇਜਵੀਰ ਨੂੰ ਕੀ ਕਿਹਾ?<br>3. ਫੁੱਲ ਕਿਉਂ ਨਹੀਂ ਤੋੜਨੇ ਚਾਹੀਦੇ? |
| **Participation of students** | ਅਧਿਆਪਕ ਵਿਦਿਆਰਥੀਆ ਨੂੰ ਉਹਨਾਂ ਦੁਆਰਾ ਦਿਨ ਵਿੱਚ ਕੀਤੇ ਜਾਂਦੇ ਕੰਮਾਂ ਦੀ ਸੂਚੀ ਬਣਾਉਣ ਲਈ ਕਹੇਗਾ। |
| **Recapitulation** | ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਹੇਠ ਲਿਖੇ ਪ੍ਰਸ਼ਨ ਪੁੱਛੇ ਜਾਣਗੇ।<br>1. ਤੇਜਵੀਰ ਨੂੰ ਕੀ ਚੰਗਾ ਲੱਗਦਾ ਸੀ?<br>2. ਰੁੱਖ ਦੇ ਪੱਤੇ ਕੀ ਕੰਮ ਕਰਦੇ ਹਨ?<br>3. ਰਿੰਕੀ ਕਿਸ ਰੰਗ ਦੇ ਗੁਲਾਬ ਘਰ ਲੈ ਕੇ ਆਈ?<br>4. ਰਿੰਕੀ ਨੇ ਆਪਣੇ ਫੁੱਲ ਕਿੱਥੇ ਉਗਾਏ? |
| **Assignment** | ਅਧਿਆਪਕ ਵਿਦਿਆਰਥੀਆ ਨੂੰ ਆਪਣੀਆਂ ਕਾਪੀਆਂ ਤੇ ਵੱਖ-ਵੱਖ ਤਰ੍ਹਾਂ, ਦੇ ਫੁੱਲਾਂ ਦੀਆਂ ਤਸਵੀਰਾਂ ਚਿਪਕਾਉਣ ਲਈ ਕਹੇਗਾ। |
| **Learning outcomes** | ਬੱਚਿਆਂ ਨੂੰ ਪੜਾਈ ਤੋਂ ਇਲਾਵਾ ਹੋਰ ਛੋਟੇ-ਛੋਟੇ ਕੰਮ ਕਰਨ ਦੀ ਆਦਤ ਪਾਏਗੀ। ਅਤੇ ਉਹ ਫੁੱਲ ਵੀ ਨਹੀਂ ਤੋੜਨਗੇ । |
| **Assessment** | ਬੱਚਿਆਂ ਨੂੰ ਆਪਣੇ ਘਰ ਦੇ ਬਗੀਚੇ ਵਿੱਚ ਜਾਂ ਗਮਲੇ ਵਿੱਚ ਇੱਕ-ਇੱਕ ਪੌਦਾ ਲਗਾਉਣ ਲਈ ਕਿਹਾ ਜਾਵੇਗਾ। |

## Topic: ਲੇਖ: ਸਾਡਾ ਸਕੂਲ, ਸਾਡਾ ਰਾਸ਼ਟਰੀ ਪੰਛੀ ਮੋਰ

| | |
|---|---|
| **Objectives** | ਬੱਚਿਆ ਨੂੰ ਉਹਲਾ ਦੇ ਸਕੂਲ ਬਾਰੇ ਪੁੱਛਿਆ ਜਾਵੇਗ।<br>ਬੱਚਿਆ ਨੂੰ ਪੁੱਛਿਆ ਜਾਵੇਗਾ ਕਿ ਸਭ ਤੋਂ ਸੋਹਣਾ ਪੰਛੀ ਕਿਹੜਾ ਹੈ? |
| **Previous Knowledge Testing** | ਅਧਿਆਪਕ ਦੁਆਰਾ ਲੇਖ ਸ਼ੁਰੂ ਕਰਵਾਉਣ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇ ਜਾਣਗੇ।<br><br>1. ਤੁਹਾਨੂੰ ਆਪਣਾ ਸਕੂਲ ਕਿਹੋ ਜਿਹਾ ਲੱਗਦਾ ਹੈ?<br><br>2. ਸਾਡੇ ਦੇਸ਼ ਦਾ ਰਾਸ਼ਟਰੀ ਪੰਛੀ ਕਿਹੜਾ ਹੈ? |
| **Vocabulary Used** | ਬੱਚਿਆ ਤੋਂ ਸਕੂਲ ਦੀ ਇਮਾਰਤ ਬਾਰੇ ਪੁੱਛਿਆ ਜਾਵੇਗਾ। ਸਾਰੇ ਬੱਚਿਆ ਨੂੰ ਮੋਰ ਦੀ ਤਸਵੀਰ ਦਿਖਾ ਕੇ ਉਸ ਬਾਰੇ ਦੱਸਿਆ ਜਾਵੇਗਾ। |
| **Important Spellings** | ਸਕੂਲ, ਕਮਰੇ, ਅਧਿਆਪਕ, ਕੰਪਿਊਟਰ, ਸੰਗੀਤ, ਪੰਛੀ, ਮੋਰ, ਚਮਕਦਾਰ, ਸੋਹਣਾ, ਬੱਦਲ, ਰਾਸ਼ਟਰੀ। |
| **Aids/ Innovative methods used to explain the topic** | ਅਧਿਆਪਕ ਵਿਦਿਆਰਥੀਆਂ ਨੂੰ ਲੇਖ ਕਰਵਾਉਣ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇਗਾ। ਤੁਹਾਨੂੰ ਤੁਹਾਡਾ ਸਕੂਲ ਕਿਹੋ ਜਿਹਾ ਲੱਗਦਾ ਹੈ ਤੁਹਾਡੇ ਸਕੂਲ ਦਾ ਕੀ ਨਾਂ ਹੈ। ਸਾਰੇ ਪੰਛੀਆਂ ਵਿੱਚ ਸਭ ਤੋਂ ਸੋਹਣਾ ਪੰਛੀ ਕਿਹੜਾ ਹੈ ਆਦਿ ਪ੍ਰਸ਼ਨਾਂ ਦੇ ਉੱਤਰ ਮਿਲਣ ਤੇ ਅਧਿਆਪਕ ਬੱਚਿਆਂ ਨੂੰ ਲੇਖ ਸ਼ੁਰੂ ਕਰਵਾਏਗਾ। |

| | |
|---|---|
| **Procedure** | ਪ੍ਰਸ਼ਨਾਂ ਦੇ ਉੱਤਰ ਮਿਲਣ ਤੇ ਅਧਿਆਪਕ ਉਹਨਾਂ ਨੂੰ Board ਤੇ ਲਿਖੇਗਾ। ਸਕੂਲ, ਪਬਲਿਕ, ਜਮਾਤ, ਇਮਾਰਤ, ਸੁੰਦਰ, ਅਧਿਆਪਕ<br>1. ਮੇਰੇ ਸਕੂਲ ਦਾ ਨਾਂ ਬੁੱਢਾ ਦਲ ਪਬਲਿਕ ਸਕੂਲ ਹੈ।<br>2. ਸਾਡੇ ਸਕੂਲ ਦੀ ਇਮਾਰਤ ਬਹੁਤ ਸੁੰਦਰ ਹੈ।<br>3. ਮੇਰੇ ਸਕੂਲ ਦੇ ਸਾਰੇ ਅਧਿਆਪਕ ਬਹੁਤ ਹੀ ਮਿਹਨਤੀ ਹਨ।<br>4. ਸਕੂਲ ਵਿੱਚ ਕੰਪਿਊਟਰ ਤੇ ਸੰਗੀਤ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। |
| **Participation of students** | ਲੇਖ ਲਿਖਦੇ ਸਮੇਂ ਬੱਚੇ ਅਧਿਆਪਕ ਨੂੰ ਲੇਖ ਵਿੱਚ ਕੁਝ ਹੋਰ ਲਾਇਨਾ ਦੱਸਣਗੇ। ਬੱਚੇ ਸਕੂਲ ਬਾਰੇ ਆਪਣੇ-ਆਪਣੇ ਵਿਚਾਰ ਦੱਸਣਗੇ। |
| **Recapitulation** | ਅਧਿਆਪਕ ਵਿਦਿਆਰਥੀਆਂ ਨੂੰ ਲੇਖ ਕਰਾਉਣ ਤੋਂ ਬਾਅਦ ਹੇਠ ਲਿਖੇ ਪ੍ਰਸ਼ਨ ਪੁੱਛੇਗਾ।<br>1. ਤੁਹਾਡੇ ਸਕੂਲ ਵਿੱਚ ਕਿੰਨੇ ਕਮਰੇ ਹਨ?<br>2. ਤੁਹਾਡੇ ਸਕੂਲ ਵਿੱਚ ਖੇਡਾਂ ਦੇ ਮੈਦਾਨ ਕਿੰਨੇ ਹਨ?<br>3. ਤੁਹਾਡੇ ਸਕੂਲ ਵਿੱਚ ਕਿੰਨੇ ਬੱਚੇ ਪੜ੍ਹਦੇ ਹਨ? |
| **Assignment** | ਅਧਿਆਪਕ ਵਿਦਿਆਰਥੀਆਂ ਨੂੰ ਕਾਪੀਆਂ ਵਿੱਚ ਮੋਰ ਦੀ ਤਸਵੀਰ ਚਿਪਕਾ ਕੇ ਉਸ ਉੱਤੇ ਕੁੱਝ ਲਾਇਨਾ ਲਿਖਣ ਲਈ ਕਹੇਗਾ। |
| **Learning outcomes** | ਬੱਚਿਆ ਨੂੰ ਲੇਖ ਲਿਖਣ ਦਾ ਪਤਾ ਲੱਗਾ ਜਾਵੇਗਾ। ਸਾਰੇ ਬੱਚੇ ਲੇਖ ਲਿਖਣ ਸਮੇਂ ਆਪਣੇ-ਆਪਣੇ ਵਿਚਾਰ ਵੀ ਸਾਂਝੇ ਕਰਨਗੇ। |
| **Assessment** | ਅਧਿਆਪਕ ਵਿਦਿਆਰਥੀਆਂ ਨੂੰ ਦੋਵੇ ਲੇਖ ਯਾਦ ਕਰਨ ਲਈ ਕਹੇਗਾ। |

## Topic: ਪਾਠ-7- ਮੇਰੀ ਮਾਂ, ਪਾਠ- 8- ਮਨ ਦਾ ਡਰ

| | |
|---|---|
| **Objectives** | ਬੱਚਿਆਂ ਨੂੰ ਪੁੱਛਿਆ ਜਾਵੇਗਾ ਕਿ ਤੁਸੀਂ ਆਪਣੀ ਮਾਂ ਨੂੰ ਕਿੰਨਾ ਪਿਆਰ ਕਰਦੇ ਹੋ।<br>ਬੱਚਿਆ ਨੂੰ ਇਹ ਵੀ ਪੁੱਛਿਆ ਜਾਵੇਗਾ ਕਿ ਤੁਹਾਨੂੰ ਹਨ੍ਹੇਰੇ ਤੋਂ ਡਰ ਲੱਗਦਾ ਹੈ? |
| **Previous Knowledge Testing** | ਅਧਿਆਪਕ ਦੁਆਰਾ ਪਾਠ ਸ਼ੁਰੂ ਕਰਵਾਉਣ ਤੋਂ ਪਹਿਲਾਂ ਕੁਝ ਪ੍ਰਸ਼ਨ ਪੁੱਛੇ ਜਾਣਗੇ।<br>1. ਤੁਹਾਡੇ ਮਾਤਾ ਜੀ ਤੁਹਾਡੇ ਲਈ ਕੀ-ਕੀ ਕੰਮ ਕਰਦੇ ਹਨ?<br>2. ਕੀ ਭੂਤ ਹੁੰਦੇ ਹਨ? |
| **Vocabulary Used** | ਅਧਿਆਪਕ ਬੱਚਿਆਂ ਤੋਂ ਉਹਨਾਂ ਦੇ ਮਾਤਾ ਜੀ ਦੁਆਰਾ ਕੀਤੇ ਜਾਂਦੇ ਕੰਮਾਂ ਬਾਰੇ ਪੁੱਛੇਗਾ ਅਤੇ ਇਹ ਵੀ ਪੁੱਛੇਗਾ ਕਿ ਉਹਨਾਂ ਦੇ ਮਾਤਾ ਜੀ ਉਹਨਾ ਦਾ ਖਿਆਲ ਕਿਵੇਂ ਰੱਖਦੇ ਹਨ। ਨਾਲ ਹੀ ਇਹ ਪੁੱਛੇਗਾ ਕਿ ਤੁਹਾਨੂੰ ਕਦੇ ਹਨ੍ਹੇਰੇ ਵਿੱਚ ਕਿਸੇ ਦੇ ਹੋਣ ਦਾ ਭੁਲੇਖਾ ਪਿਆ ਹੈ। |
| **Important Spellings** | ਚਿੰਤਾ, ਲੋਰੀਆਂ, ਭੁੱਖ, ਖਬਰ, ਦੁਆਵਾਂ, ਡਰ, ਲਾਲਟੈਣ, ਖਿੜਕੀ, ਭੂਤ, ਹਨ੍ਹੇਰੇ, ਚਮਕਦੀ, ਵਹਿਮ, ਕੱਪੜੇ, ਬਾਲਕ |
| **Aids/ Innovative methods used to explain the topic** | ਅਧਿਆਪਕ ਵਿਦਿਆਰਥੀਆਂ ਨੂੰ ਪਾਠ ਨੂੰ ਸ਼ੁਰੂ ਕਰਵਾਉਣ ਤੋਂ ਪਹਿਲਾ ਕੁਝ ਪ੍ਰਸ਼ਨ ਪੁੱਛੇਗਾ। ਬੱਚਿਆਂ ਨੂੰ ਮਾਂ ਅਤੇ ਬੱਚੇ ਨਾਲ ਸਬੰਧਿਤ smart board ਤੇ ਕੁਝ video ਵੀ ਦਿਖਾਏਗਾ। ਬੱਚੇ ਛੋਟੀਆਂ ਛੋਟੀਆਂ ਕਵਿਤਾਵਾਂ ਦੇਖ ਕੇ ਉਹਨਾਂ ਦਾ ਅਨੰਦ ਮਾਣਨਗੇ। |

| | |
|---|---|
| **Link** | https://youtu.be/YPXYeENIMKS<br><br>https://youtu.be/NzYPIBLxR4Y |
| **Procedure** | ਅਧਿਆਪਕ ਦੁਆਰਾ ਪਾਠ ਪੜ੍ਹਾਏ ਜਾਣ ਤੋਂ ਬਾਅਦ ਪਾਠ ਵਿੱਚੋਂ ਸ਼ਬਦ-ਅਰਥ, ਵਾਕ ਬਣਾਉ, Back exercise ਅਤੇ ਪ੍ਰਸ਼ਨ ਉੱਤਰ ਕਰਵਾਏ ਜਾਣਗੇ।<br><br>**ਸ਼ਬਦ ਅਰਥ**<br><br>1. ਵਹਿਮ - ਭਰਮ 2. ਸਹਿਮਿਆ- ਡਰਿਆ<br><br>3. ਚਿੰਤਾ- ਫ਼ਿਕਰ 4. ਖ਼ਬਰ - ਜਾਣਕਾਰੀ<br><br>**ਵਾਕ-ਬਣਾਉ।**<br><br>1. ਮਾਂ - ਮੇਰੀ ਮਾਂ ਮੈਨੂੰ ਬਹੁਤ ਪਿਆਰ ਕਰਦੀ ਹੈ।<br><br>2. ਡਰ - ਮੈਨੂੰ ਹਨ੍ਹੇਰੇ ਵਿੱਚ ਡਰ ਲੱਗਦਾ ਹੈ। |
| **Participation of students** | ਬੱਚੇ ਅਧਿਆਪਕ ਨੂੰ ਉਹਨਾਂ ਦੀ ਮਾਤਾ ਜੀ ਦੁਆਰਾ ਕੀਤੇ ਜਾਂਦੇ ਕੰਮਾਂ ਬਾਰੇ ਦੱਸਣਗੇ। ਬੱਚੇ ਆਪਣੀ ਮਾਂ ਦੀਆਂ ਚੰਗੀਆ ਆਦਤਾਂ ਅਤੇ ਰੁਚੀਆਂ ਬਾਰੇ ਵੀ ਅਧਿਆਪਕ ਨੂੰ ਦੱਸਣਗੇ। |
| **Recapitulation** | ਪਾਠ ਪੜਾਏ ਜਾਣ ਤੋਂ ਬਾਅਦ ਅਧਿਆਪਕ ਪਾਠ ਵਿੱਚੋਂ ਵਿਦਿਆਰਥੀਆਂ ਤੋਂ ਕੁਝ ਪ੍ਰਸ਼ਨ ਪੁੱਛੇਗਾ।<br>1. ਮਾਂ ਸਭ ਤੋਂ ਵੱਧ ਕਿਸ ਬਾਰੇ ਫ਼ਿਕਰਮੰਦ ਰਹਿੰਦੀ ਹੈ?<br>2. ਸੌਣ ਤੋਂ ਪਹਿਲਾਂ ਮਾਂ ਬੱਚੇ ਨੂੰ ਕੀ ਸੁਣਾਉਂਦੀ ਹੈ?<br>3. ਮੋਹਨਦਾਸ ਕਿਉਂ ਡਰ ਗਿਆ?<br>4. ਮੋਹਨਦਾਸ ਨੂੰ ਆਖਰ ਵਿੱਚ ਕੀ ਸਮਝ ਆਇਆ? |

| | |
|---|---|
| **Assignment** | ਅਧਿਆਪਕ  ਵਿਦਿਆਰਥੀਆਂ ਨੂੰ ਆਪਣੀਆਂ ਕਾਪੀਆਂ ਵਿੱਚ ਆਪਣੇ ਮਾਤਾ ਜੀ ਦੀ ਤਸਵੀਰ ਚਿਪਕਾ ਕੇ ਉਹਨਾ ਬਾਰੇ ਕੁਝ ਸਤਰਾਂ ਲਿਖਣ ਲਈ ਕਹੇਗਾ। |
| **Learning outcomes** | ਬੱਚਿਆ ਨੂੰ ਮਾਂ ਕਵਿਤਾ ਪੜ੍ਹ ਕੇ ਪਤਾ ਲੱਗੇਗਾ ਕਿ ਉਹਨਾਂ ਦੀ ਜਿੰਦਗੀ ਵਿੱਚ ਮਾਂ ਦੀ ਕਿੰਨ੍ਹੀ ਅਹਿਮ ਭੂਮਿਕਾ ਹੈ। |
| **Assessment** | ਬੱਚਿਆਂ ਦਾ ਪਾਠ-ਮਨ ਦਾ ਡਰ ਵਿੱਚੋਂ Listening test ਲਿਆ ਜਾਵੇਗਾ । |